# ACC ਨਾਲ ਜਾਣ-ਪਛਾਣ

ਰੋਕਥਾਮ, ਦੇਖਭਾਲ, ਰਿਕਵਰੀ

Information for Business Owners



## ACC ਕੀ ਹੈ?

ਐਕਸੀਡੈਂਟ ਕੰਪਨਸੇਸ਼ਨ ਕਾਰਪੋਰੇਸ਼ਨ (ACC) ਇੱਕ ਸਰਕਾਰੀ ਏਜੰਸੀ ਹੈ ਜੋ ਕੰਮ 'ਤੇ ਜਾਂ ਰੋਜ਼ਾਨਾ ਜੀਵਨ ਵਿੱਚ ਵਾਪਰਨ ਵਾਲੀ ਦੁਰਘਟਨਾ ਤੋਂ ਬਾਅਦ ਜ਼ਖਮੀ ਲੋਕਾਂ ਨੂੰ ਠੀਕ ਕਰਨ ਵਿੱਚ ਮਦਦ ਕਰਦੀ ਹੈ।

ਨਿਊਜ਼ੀਲੈਂਡ ਵਿੱਚ ਰਹਿਣ ਵਾਲਾ ਜਾਂ ਕੰਮ ਕਰਨ ਵਾਲਾ ਕੋਈ ਵੀ ਵਿਅਕਤੀ ACC ਕਵਰ ਲਈ ਯੋਗ ਹੈ। ਇਸਦਾ ਮਤਲਬ ਹੈ ਕਿ ਅਸੀਂ ਫੱਟੜ ਵਿਅਕਤੀ ਦੇ ਡਾਕਟਰੀ ਇਲਾਜ, ਮੁੜ ਵਸੇਬੇ, ਅਤੇ ਵਿੱਤੀ ਮੁਆਵਜ਼ੇ ਲਈ ਭੁਗਤਾਨ ਕਰ ਸਕਦੇ ਹਾਂ ਜੇਕਰ ਉਹ ਕੰਮ ਨਹੀਂ ਕਰ ਸਕਦੇ ਹਨ।

ਨਿਊਜ਼ੀਲੈਂਡ ਵਿੱਚ ਹਰ ਕੋਈ ਇਸਦੇ ਲਈ ਭੁਗਤਾਨ ਕਰਨ ਵਿੱਚ ਮਦਦ ਕਰਦਾ ਹੈ, ਜਿਸ ਵਿੱਚ ਕਾਰੋਬਾਰੀ ਮਾਲਕ ਵੀ ਸ਼ਾਮਲ ਹਨ ਜੋ ACC ਤੋਂ ਸਾਲਾਨਾ ਉਗਰਾਹੀ ਬਿੱਲ ਪ੍ਰਾਪਤ ਕਰਦੇ ਹਨ।

## ਕਿਹੜੀ ਮਦਦ ਉਪਲਬਧ ਹੈ?

ਸੱਟ 'ਤੇ ਨਿਰਭਰ ਕਰਦੇ ਹੋਏ, ACC ਕਿਸੇ ਵਿਅਕਤੀ ਨੂੰ ਕਈ ਤਰੀਕਿਆਂ ਨਾਲ ਠੀਕ ਹੋਣ ਲਈ ਮਦਦ ਕਰ ਸਕਦਾ ਹੈ।

ਇਸ ਵਿੱਚ ਇੱਕ ਹੈਲਥ ਪ੍ਰੈਕਟੀਸ਼ਨਰ ਜਿਵੇਂ ਕਿ ਜਨਰਲ ਪ੍ਰੈਕਟੀਸ਼ਨਰ ਜਾਂ ਫਿਜ਼ੀਓਥੈਰੇਪਿਸਟ ਨੂੰ ਦਿਖਾਉਣ ਲਈ ਫੰਡਿੰਗ ਦੇ ਨਾਲ-ਨਾਲ ਐਕਿਊਪੰਕਚਰ ਵਰਗੇ ਇਲਾਜ ਸ਼ਾਮਲ ਹਨ। ਇਸ ਵਿੱਚ ਮੁੜ ਵਸੇਬੇ ਵਿੱਚ ਮਦਦ ਲਈ ਸਾਜ਼ੋ-ਸਾਮਾਨ ਅਤੇ ਆਵਾਜਾਈ ਵੀ ਸ਼ਾਮਲ ਹੋ ਸਕਦੀ ਹੈ।

ਜੇਕਰ ਕੋਈ ਵਿਅਕਤੀ ਆਪਣੀ ਸੱਟ ਦੇ ਕਾਰਨ ਕੰਮ ਨਹੀਂ ਕਰ ਸਕਦਾ ਹੈ, ਤਾਂ ACC ਉਹਨਾਂ ਦੇ ਮੁੜ ਠੀਕ ਹੋਣ ਤੱਕ ਉਹਨਾਂ ਦੀ ਆਮ ਹਫਤਾਵਾਰੀ ਆਮਦਨ ਦਾ 80 ਪ੍ਰਤੀਸ਼ਤ ਤੱਕ ਭੁਗਤਾਨ ਕਰ ਸਕਦਾ ਹੈ। ਇਹ ਉਹ ਚੀਜ਼ ਹੈ ਜੋ ਫੱਟੜ ਵਿਅਕਤੀ ਨੂੰ ACC ਤੋਂ ਪੁੱਛਣ ਦੀ ਲੋੜ ਹੈ।

## ਕੰਮ 'ਤੇ ਮੁੜ ਠੀਕ ਹੋਣਾ

ਕਈ ਵਾਰ ਫੱਟੜ ਸਟਾਫ ਮੈਂਬਰ ਠੀਕ ਹੋਣ 'ਤੇ ਕੁਝ ਕੰਮ ਕਰ ਸਕਦਾ ਹੈ। ਇਹ ਉਹਨਾਂ ਨੂੰ ਜਲਦੀ ਠੀਕ ਹੋਣ ਵਿੱਚ ਮਦਦ ਕਰ ਸਕਦਾ ਹੈ ਅਤੇ ਉਹਨਾਂ ਦੀ ਸਰੀਰਕ ਅਤੇ ਮਾਨਸਿਕ ਤੰਦਰੁਸਤੀ ਲਈ ਵਧੀਆ ਹੈ।

ਕਾਰੋਬਾਰ ਉਹਨਾਂ ਘੰਟਿਆਂ ਲਈ ਭੁਗਤਾਨ ਕਰਦੇ ਹਨ ਜੋ ਉਹ ਕੰਮ ਕਰਦੇ ਹਨ, ਅਤੇ ਫੱਟੜ ਵਿਅਕਤੀ ਅਜੇ ਵੀ ACC ਤੋਂ ਮੁਆਵਜ਼ਾ ਪ੍ਰਾਪਤ ਕਰ ਸਕਦਾ ਹੈ।

ਕੰਮ 'ਤੇ ਮੁੜ ਠੀਕ ਹੋਣ ਵਿੱਚ ਰੁਜ਼ਗਾਰਦਾਤਾ, ਕਰਮਚਾਰੀ, ਮੈਡੀਕਲ ਪ੍ਰੈਕਟੀਸ਼ਨਰ, ਅਤੇ ACC ਸ਼ਾਮਲ ਹੁੰਦੇ ਹਨ। GP (ਜਨਰਲ ਪ੍ਰੈਕਟੀਸ਼ਨਰ) ਇੱਕ ਡਾਕਟਰੀ ਸਰਟੀਫਿਕੇਟ ਪ੍ਰਦਾਨ ਕਰਦਾ ਹੈ ਜੋ ਦਰਸਾਉਂਦਾ ਹੈ ਕਿ ਕੋਈ ਵਿਅਕਤੀ ਆਪਣੀ ਸੱਟ ਦੇ ਆਧਾਰ 'ਤੇ ਕੀ ਕੰਮ ਕਰ ਸਕਦਾ ਹੈ

## ਕਾਰੋਬਾਰ ਲਈ MyACC

ਕਾਰੋਬਾਰ ਲਈ MyACC ਇੱਕ ਮੁਫਤ ਔਨਲਾਈਨ ਸੇਵਾ ਹੈ ਜੋ ਤੁਹਾਡੇ ਸਟਾਫ਼ ਦੇ ACC ਦਾਅਵਿਆਂ ਦਾ ਪ੍ਰਬੰਧਨ ਕਰਨਾ ਆਸਾਨ ਬਣਾਉਂਦੀ ਹੈ ਅਤੇ

ਤੁਹਾਡੇ ਉਗਰਾਹੀ ਬਿੱਲ ਦਾ ਔਨਲਾਈਨ ਭੁਗਤਾਨ ਕਰਦੀ ਹੈ। ਇਹ ਸਿਰਫ਼ ਅੰਗਰੇਜ਼ੀ ਵਿੱਚ ਉਪਲਬਧ ਹੈ।

### ਸੰਪਰਕ

ਜੇਕਰ ਤੁਹਾਨੂੰ ਆਪਣੀ ਸੱਟ ਜਾਂ ਆਪਣੇ ਕਰਮਚਾਰੀ ਦੀ ਸੱਟ ਦੇ ਪ੍ਰਬੰਧਨ ਬਾਰੇ ਮਦਦ ਜਾਂ ਸਲਾਹ ਦੀ ਲੋੜ ਹੈ ਤਾਂ ਤੁਸੀਂ **0800 101 996** 'ਤੇ ਕਾਲ ਕਰ ਸਕਦੇ ਹੋ

ਕਾਰੋਬਾਰ ਨਾਲ ਸੰਬੰਧਿਤ ਸਵਾਲਾਂ ਲਈ, ਤੁਸੀਂ **0800 222 776** 'ਤੇ ਕਾਲ ਕਰ ਸਕਦੇ ਹੋ। ਇਹ ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 8 ਵਜੇ ਤੋਂ ਸ਼ਾਮ 6 ਵਜੇ ਤੱਕ ਖੁੱਲ੍ਹੇ ਰਹਿੰਦੇ ਹਨ।

ਜਦੋਂ ਤੁਸੀਂ ਕਾਲ ਕਰਦੇ ਹੋ ਤਾਂ ਅਨੁਵਾਦ ਸੇਵਾ ਉਪਲਬਧ ਹੁੰਦੀ ਹੈ।
ਹੋਰ ਜਾਣਨ ਲਈ *acc.co.nz/for-business* 'ਤੇ ਜਾਓ।

ACC8722 - Punjabi